# “ਕਿਰਾਏ ਲਈ” ਘਰਾਂ ਦੇ ਇਸ਼ਤਿਹਾਰਾਂ ਨੂੰ ਸਮਝਣਾ



ਕੈਨੇਡਾ ਵਿਚ ਪ੍ਰਕਾਸ਼ਿਤ ਹੋਣ ਵਾਲੇ ਰੋਜ਼ਾਨਾ ਅਤੇ ਹਫ਼ਤਾਵਾਰੀ ਅਖਬਾਰ ਦੇ ਵਿਚ ਕਲਾਸੀਫਾਇਡ ਐਡਵਰਟਾਈਜ਼ਿੰਗ ਸੈਕਸ਼ਨ ਹੁੰਦਾ ਹੈ, ਜਿੱਥੇ ਉਹ ਉਨ੍ਹਾਂ ਅਪਾਰਟਮੈਂਟਾਂ ਅਤੇ ਘਰਾਂ ਦੇ ਲਈ ਇਸ਼ਤਿਹਾਰਾਂ (ਜਾਂ “ਐਡਜ਼”) ਨੂੰ ਪ੍ਰਕਾਸ਼ਿਤ ਕਰਦੇ ਹਨ ਜੋ ਕਿਰਾਏ ‘ਤੇ ਦਿੱਤੇ ਜਾਣ ਲਈ ਉਪਲਬਧ ਹਨ। ਥਾਂ ਨੂੰ ਬਚਾਉਣ ਲਈ, ਇਸ ਤਰ੍ਹਾਂ ਦੇ ਜ਼ਿਆਦਾਤਰ ਇਸ਼ਤਿਹਾਰ ਖਾਸ ਤਰ੍ਹਾਂ ਦੀ ਸ਼ਬਦਾਵਲੀ ਅਤੇ ਸੰਖੇਪ ਸ਼ਬਦਾਂ ਦੀ ਵਰਤੋਂ ਕਰਦੇ ਹਨ ਜੋ ਕਿ ਉਸ ਕਿਸੇ ਵੀ ਵਿਅਕਤੀ ਲਈ ਦੁਵਿਧਾ ਪੂਰਨ ਹੋ ਸਕਦੇ ਹਨ ਜੋ ਉਨ੍ਹਾਂ ਦਾ ਮਤਲਬ ਨਹੀਂ ਜਾਣਦਾ।

ਕਿਰਾਏ ਦੇ ਇਸ਼ਤਿਹਾਰਾਂ ਦਾ ਮਤਲਬ ਸਮਝਣ ਵਿਚ ਤੁਹਾਡੀ ਮਦਦ ਲਈ Canada Mortgage and Housing Corporation (CMHC) ਹੇਠਾਂ ਕੁਝ ਬਹੁਤ ਆਮ ਕਲਾਸੀਫਾਇਡ ਐਡ ਦੀਆਂ ਸ਼ਬਦਾਵਲੀਆਂ ਅਤੇ ਸੰਖੇਪ ਸ਼ਬਦਾਂ ਦੀ ਸੂਚੀ ਪੇਸ਼ ਕਰਦੀ ਹੈ:

- **ਏ/ਸੀ (A/C)**—ਏਅਰ ਕੰਡੀਸ਼ਨਿੰਗ, ਆਮ ਕਰਕੇ ਸੈਂਟਰਲ ਏਅਰ ਕੰਡੀਸ਼ਨਿੰਗ, ਜਿਸਦਾ ਮਤਲਬ ਹੈ ਕਿ ਹਵਾ ਹੀਟਿੰਗ ਵੈਂਟਜ਼ ਵਿਚੋਂ ਆਉਂਦੀ ਹੈ, ਖਿੜਕੀ ਵਿਚ ਲੱਗੇ ਹੋਏ ਏ ਸੀ ਵਿਚੋਂ ਨਹੀਂ ਆਉਂਦੀ।
- **ਅਪਾਰਟਮੈਂਟ**—ਇਕ ਆਤਮ ਨਿਰਭਰ ਇਕਾਈ ਹੁੰਦੀ ਹੈ ਜਿਸਦਾ ਨਿੰਜੀ ਦਾਖਲਾ ਦਰਵਾਜ਼ਾ ਹੁੰਦਾ ਹੈ। ਅਪਾਰਟਮੈਂਟਜ਼ ਕਿਸੇ ਘਰ ਵਿਚ ਹੋ ਸਕਦੇ ਹਨ ਜਾਂ ਕਿਸੇ ਘੱਟ ਉੱਚੀ ਜਾਂ ਬਹੁਤ ਉੱਚੀ ਅਪਾਰਟਮੈਂਟ ਵਾਲੀ ਬਿਲਡਿੰਗ ਵਿਚ।
- **ਅਪਲਾਇੰਸਿਜ਼ (appl)**—ਉਪਕਰਣ। ਸਾਰੇ ਅਪਾਰਟਮੈਂਟਾਂ ਵਿਚ ਰੈਫ਼ਰਿਜਰੇਟਰ ਅਤੇ ਸਟੋਵ ਜ਼ਰੂਰ ਹੋਣਾ ਚਾਹੀਦਾ ਹੈ। ਕੁਝ ਵਿਚ ਹੋਰ ਤਰ੍ਹਾਂ ਦੇ ਉਪਕਰਣ ਵੀ ਹੋ ਸਕਦੇ ਹਨ ਜਿਵੇਂ ਕਿ ਡਿਸ਼ਵਾਸ਼ਰ ਜਾਂ ਕੱਪੜਿਆਂ ਨੂੰ ਧੋਣ ਅਤੇ ਸੁਕਾਉਣ ਵਾਲੀ ਮਸ਼ੀਨ।
- **ਬੈਚਲਰ ਜਾਂ ਸਟੂਡਿਓ**—ਇਕ ਅਪਾਰਟਮੈਂਟ ਜਿਸਦੇ ਵਿਚ ਕੇਵਲ ਇਕ ਕਮਰਾ ਹੁੰਦਾ ਹੈ, ਜਿਸਨੂੰ ਕਿ ਬੈਡਰੂਮ ਅਤੇ ਬੈਠਕ, ਦੋਵੇਂ ਥਾਵਾਂ ਵਜੋਂ ਵਰਤਿਆ ਜਾਂਦਾ ਹੈ, ਅਤੇ ਇਕ ਵੱਖਰਾ ਬਾਥਰੂਮ ਹੁੰਦਾ ਹੈ।
- **ਬੇਸਮੈਂਟ**—ਇਕ ਅਪਾਰਟਮੈਂਟ ਜੋ ਕਿਸੇ ਘਰ ਦੀ ਬੇਸਮੈਂਟ ਵਿਚ ਹੁੰਦਾ ਹੈ। ਬੇਸਮੈਂਟ ਅਪਾਰਟਮੈਂਟ ਆਮ ਕਰਕੇ ਜ਼ਮੀਨ ਉੱਪਰ ਬਣੇ ਅਪਾਰਟਮੈਂਟਾਂ ਨਾਲੋਂ ਸਸਤੇ ਹੁੰਦੇ ਹਨ, ਪਰ ਇਹ ਠੰਡੇ, ਨਮੀ ਵਾਲੇ ਅਤੇ ਘੱਟ ਰੋਸ਼ਨੀ ਵਾਲੇ ਵੀ ਹੋ ਸਕਦੇ ਹਨ। ਨਮੀ ਉੱਲੀ (ਮੌਲਡ) ਵਾਲੀਆਂ ਬੇਸਮੈਂਟਾਂ ਨੂੰ ਅਣਦੇਖਿਆ ਕਰੋ, ਖਾਸ ਕਰਕੇ ਜੇ ਤੁਹਾਨੂੰ ਦਮਾ ਹੋਏ।
- **ਬੀ ਆਰ ਜਾਂ ਬੈਡਰੂਮ**—ਕਿਸੇ ਅਪਾਰਟਮੈਂਟ ਵਿਚ ਵੱਖਰੇ ਬੈਡਰੂਮਾਂ ਦੀ ਗਿਣਤੀ। ਉਦਾਹਰਣ ਵੱਜੋਂ “2 ਬੀ ਆਰ” ਜਾਂ “2 ਬੈਡ ਰੂਮ”, 2 ਬੈਡਰੂਮਾਂ ਵਾਲਾ ਅਪਾਰਟਮੈਂਟ ਹੁੰਦਾ ਹੈ। ਕੁਬੈਕ ਵਿਚ ਇਕ “2 1/2 ਬੀ ਆਰ” ਜਾਂ “2 1/2 ਬੈਡਰੂਮ” ਨਿੰਜੀ ਬਾਥਰੂਮ ਨਾਲ ਦੋ - ਬੈਡਰੂਮ ਵਾਲਾ ਅਪਾਰਟਮੈਂਟ ਹੁੰਦਾ ਹੈ।
- **ਕੇਬਲ**—ਕੇਬਲ ਟੀਵੀ (ਜਾਂ ਟੈਲੀਵਿਜ਼ਨ) ਸੇਵਾ। ਕੇਬਲ ਟੀਵੀ, ਐਨਟੀਨਾ ਵਾਲੇ ਟੀਵੀ ਦੇ ਮੁਕਾਬਲੇ ਵਧੀਆ ਰਿਸੈਪਸ਼ਨ ਅਤੇ ਜ਼ਿਆਦਾ ਚੈਨਲਾਂ ਦੀ ਪ੍ਰਦਾਨ ਕਰਦਾ ਹੈ। ਕੁਝ ਅਪਾਰਟਮੈਂਟਜ “ਫ੍ਰੀ” ਕੇਬਲ ਟੀਵੀ ਨੂੰ ਮਹੀਨੇਵਾਰ ਕਿਰਾਏ ਦੇ ਹਿੱਸੇ ਵਜੋਂ ਸ਼ਾਮਿਲ ਕਰਦੇ ਹਨ।
- **ਫਲੈਟ**—ਇਕ ਅਪਾਰਟਮੈਂਟ ਜੋ ਘਰ ਦੇ ਅੰਦਰ ਹੁੰਦਾ ਹੈ। ਫਲੈਟ ਦੇ ਆਪਣੇ ਦਰਵਾਜ਼ੇ ਅਤੇ ਤਾਲੇ ਹੁੰਦੇ ਹਨ, ਪਰ ਤੁਸੀਂ ਸ਼ਾਇਦ ਪ੍ਰਵੇਸ਼ ਦਰਵਾਜੇ ਨੂੰ ਬਾਕੀ ਕਿਰਾਏਦਾਰਾਂ ਨਾਲ ਸਾਂਝਾ ਕਰੋਗੇ।
- **ਫਰਨ**—ਇਕ ਸਮਾਨ ਸਮੇਤ ਅਪਾਰਟਮੈਂਟ। ਇਕ ਸਮਾਨ ਸਮੇਤ ਅਪਾਰਟਮੈਂਟ ਦੇ ਵਿਚ ਬੈਡ(ਜ਼), ਫਰਨੀਚਰ, ਪਰਦੇ, ਫਰਿੱਜ, ਸਟੋਵ ਅਤੇ ਰਸੋਈ ਦੇ ਆਮ ਉਪਕਰਣਾਂ ਜਿਹੀਆਂ ਚੀਜ਼ਾਂ ਸ਼ਾਮਲ ਹੁੰਦੀਆਂ ਹਨ। ਇਸਦੇ ਨਤੀਜਤਨ ਇਕ ਸਮਾਨ ਸਮੇਤ ਅਪਾਰਟਮੈਂਟ, ਇਕ ਸਮਾਨ ਰਹਿਤ ਅਪਾਰਟਮੈਂਟ ਤੋਂ ਮਹਿੰਗਾ ਹੋ ਸਕਦਾ ਹੈ। ਜੇ ਤੁਸੀਂ ਇਕ ਸਮਾਨ ਸਮੇਤ ਅਪਾਰਟਮੈਂਟ ਨੂੰ ਕਿਰਾਏ ਤੇ ਲੈਂਦੇ ਹੋ, ਤਾਂ ਮਕਾਨ ਮਾਲਕ ਨੂੰ ਤੁਹਾਡੇ ਰਹਿਣ ਜਾਣ ਤੋਂ ਫਰਨੀਚਰ ਅਤੇ ਕਾਰਪੈਟਾਂ ਨੂੰ ਸਾਫ਼ ਕਰਵਾਉਣ ਲਈ ਕਹੋ।

67344 13-07-11 Understanding “For Rent” Ads (Punjabi version)

Canada

CMHC SCHL
HOME TO CANADIANS

- **ਹਾਰਡਵੁੱਡ (hrdwd)—**ਹਾਰਡਵੁੱਡ ਫਰਸ਼। ਜੇ ਤੁਹਾਨੂੰ ਜਾਂ ਤੁਹਾਡੇ ਪਰਿਵਾਰ ਵਿਚ ਕਿਸੇ ਨੂੰ ਐਲਰਜੀਆਂ ਜਾਂ ਸਾਹ ਲੈਣ ਦੀਆਂ ਤਕਲੀਫ਼ਾਂ ਹਨ ਤਾਂ ਹਾਰਡਵੁੱਡ ਫਰਸ਼ ਕਾਰਪੈਟ ਨਾਲੋਂ ਜ਼ਿਆਦਾ ਸਿਹਤਮੰਦ ਹੋ ਸਕਦੇ ਹਨ।
- **ਜੂਨੀਅਰ ਵਨ-ਬੈਡਰੂਮ—**ਇਕ ਅਪਾਰਟਮੈਂਟ ਜੋ ਕਿ ਬੈਚਲਰ ਅਪਾਰਟਮੈਂਟ ਨਾਲੋਂ ਵੱਡਾ ਹੁੰਦਾ ਹੈ ਪਰ ਇਕ ਬੈਡਰੂਮ ਵਾਲੇ ਰੈਗੂਲਰ ਅਪਾਰਟਮੈਂਟ ਨਾਲੋਂ ਛੋਟਾ ਹੁੰਦਾ ਹੈ।
- **ਐਨ ਐੱਸ ਜਾਂ ਨੌਨ ਸਮੋਕਰ (NS or non-smkr)—**ਇਕ ਅਪਾਰਟਮੈਂਟ ਜੋ ਕੇਵਲ ਉਨ੍ਹਾਂ ਕਿਰਾਏਦਾਰਾਂ ਨੂੰ ਦਿੱਤਾ ਜਾਂਦਾ ਹੈ ਜੋ ਸਿਗਰਟਨੋਸ਼ੀ ਨਹੀਂ ਕਰਦੇ।
- **ਪਾਰਕਿੰਗ (prkg)—**ਪਾਰਕਿੰਗ ਥਾਵਾਂ ਦੀ ਉਹ ਗਿਣਤੀ ਜੋ ਅਪਾਰਟਮੈਂਟ ਦੇ ਨਾਲ ਹੁੰਦੀ ਹੈ। ਉਦਾਹਰਣ ਵੱਜੋਂ, ‘‘। ਪਾਰਕਿੰਗ’’ ਦਾ ਮਤਲਬ ਹੈ ਉਹ ਅਪਾਰਟਮੈਂਟ ਜਿਸਦੀ ਇਕ ਪਾਰਕਿੰਗ ਦੀ ਥਾਂ ਹੈ, “2 ਪਾਰਕਿੰਗ ‘’ ਦਾ ਮਤਲਬ ਹੈ ਦੋ ਪਾਰਕਿੰਗ ਦੀਆਂ ਥਾਵਾਂ, ਅਤੇ ਇਸੇ ਤਰ੍ਹਾਂ ਹੋਰ ਵੇਰਵੇ। ਕਿਰਾਏ ਵਿਚ ਪਾਰਕਿੰਗ ਦੀ ਥਾਂ ਦਾ ਖਰਚਾ ਕਿਰਾਏ ਵਿਚ ਸ਼ਾਮਲ ਹੋ ਸਕਦਾ ਹੈ ਅਤੇ ਸ਼ਾਮਲ ਨਹੀਂ ਵੀ ਹੋ ਸਕਦਾ ਹੈ।
- **ਸੁਕੇਅਰ ਫੀਟ—**ਅਪਾਰਟਮੈਂਟ ਦਾ ਸਾਇਜ਼, ਜਿਸ ਤਰ੍ਹਾਂ ਫੁੱਟਾਂ ਵਿਚ ਮਾਪਿਆ ਗਿਆ ਹੈ। ਬਹੁਤੇ ਰਾਜਾਂ ਵਿਚ 400 ਸੁਕੇਅਰ ਫੀਟ ਦੇ ਅਪਾਰਟਮੈਂਟ ਨੂੰ ਛੋਟਾ ਸਮਝਿਆ ਜਾਂਦਾ ਹੈ, ਜਦਕਿ ਇਕ 2,000 ਸੁਕੇਅਰ ਫੀਟ ਦੇ ਘਰ ਨੂੰ ਕਾਫ਼ੀ ਵੱਡਾ ਸਮਝਿਆ ਜਾਂਦਾ ਹੈ। ਸੁਕੇਅਰ ਫੁੱਟਾਂ ਨੂੰ ਸੁਕੇਅਰ ਮੀਟਰਾਂ ਵਿਚ ਬਦਲਣ ਲਈ, ਨੰਬਰ ਨੂੰ 0.09 ਦੇ ਨਾਲ ਗੁਣਾ ਕਰੋ, ਇਕ 2,000 ਸੁਕੇਅਰ ਫੁੱਟ ਦਾ ਅਪਾਰਟਮੈਂਟ (2,000 × 0.09) =180 ਸੁਕੇਅਰ ਮੀਟਰ ਦਾ ਹੈ।
- **ਯੂਟਿਲਟੀਆਂ (util)—**ਉਹ ਯੂਟਿਲਟੀਜ਼ ਜਿਨ੍ਹਾਂ ਦੀ ਤੁਹਾਨੂੰ ਘਰ ਲਈ ਜ਼ਰੂਰਤ ਹੋਏਗੀ। ਇਸਦੇ ਵਿਚ ਸ਼ਾਮਲ ਹੈ: ਲਾਈਟਾਂ, ਸਟੋਵ ਅਤੇ ਮਾਈਕ੍ਰੋਵੇਵ ਲਈ ਬਿਜਲੀ; ਗੈਸ, ਹੀਟ ਲਈ ਤੇਲ ਜਾਂ ਬਿਜਲੀ; ਕੇਬਲ ਟੀਵੀ; ਟੈਲੀਫ਼ੋਨ ਜਾਂ ਇੰਟਰਨੈਟ ਸੇਵਾ; ਅਤੇ ਪਾਣੀ। ਕੁਝ ਅਪਾਰਟਮੈਂਟਾਂ ਦੇ ਮਹੀਨੇਵਾਰ ਕਿਰਾਏ ਵਿਚ ਕੁਝ ਜਾਂ ਸਾਰੀਆਂ ਯੂਟਿਲਟੀਜ਼ ਦਾ ਖਰਚਾ ਸ਼ਾਮਲ ਹੁੰਦਾ ਹੈ। ਹੋਰਾਂ ਦੇ ਨਾਲ, ਤੁਹਾਨੂੰ ਖੁਦ ਯੂਟਿਲਟੀਜ਼ ਦਾ ਪ੍ਰਬੰਧ ਅਤੇ ਭੁਗਤਾਨ ਕਰਨਾ ਪੈ ਸਕਦਾ ਹੈ। ਜੇ ਕਿਸੇ ਇਸ਼ਤਿਹਾਰ ਵਿਚ ਕਿਰਾਏ ਦੀ ਰਕਮ ਦੇ ਬਾਅਦ ਇਕ ਜਮਾਂ ਦਾ ਨਿਸ਼ਾਨ ਹੁੰਦਾ ਹੈ (ਉਦਾਹਰਣ $695+), ਤਾਂ ਇਸਦਾ ਮਤਲਬ ਹੈ, ਤੁਹਾਨੂੰ ਮਹੀਨੇਵਾਰ ਕਿਰਾਏ ਤੋਂ ਇਲਾਵਾ ਯੂਟਿਲਟੀਜ਼ ਦਾ ਭੁਗਤਾਨ ਕਰਨਾ ਪਵੇਗਾ।
- **ਡਬਲਿਯੂ/ਓ—**ਦਰਵਾਜ਼ੇ ਤੋਂ ਬਾਲਕੋਨੀ ਜਾਂ ਡੈਕ ਤੱਕ ਦਾ ਰਸਤਾ {ਬਾਕ ਆਊਟ(ਡਬਲਿਯੂ/ਓ)}, ਆਮ ਕਰਕੇ ਰਸੋਈ ਤੋਂ ਪਰ੍ਹਾਂ ਹੁੰਦਾ ਹੈ।

ਰਿਹਾਇਸ਼ ਬਾਰੇ ਵਧੇਰੇ ਜਾਣਕਾਰੀ ਲਈ, ਕਿਰਪਾ ਕਰਕੇ Canada Mortgage and Housing Corporation ਨੂੰ www.cmhc.ca/newcomers ‘ਤੇ ਸੰਪਰਕ ਕਰੋ।